# ਭੂਮਿਕਾ

ਨਾਵਲ ਸਾਹਿਤ ਦਾ ਅਜਿਹਾ ਨਿਵੇਕਲਾ ਰੂਪ ਹੈ ਜਿਹੜਾ ਸਮਕਾਲੀ ਸਮਾਜ ਨੂੰ ਆਪਣੇ ਕਲਾਵੇ ਵਿੱਚ ਲੈਂਦਾ ਹੋਇਆ ਇਸਦਾ ਪ੍ਰਤੀਬਿੰਬਨ ਕਰਦਾ ਹੈ। ਇਸ ਦੁਆਰਾ ਸਿਰਜਿਆ ਗਲਪੀ ਸੰਸਾਰ ਵਾਸਤਵਿਕਤਾ ਉਤੇ ਆਧਾਰਿਤ ਹੁੰਦਾ ਹੋਇਆ ਅਸਲੀ ਸੰਸਾਰ ਵਰਗਾ ਪ੍ਰਤੀਤ ਹੁੰਦਾ ਹੈ। ਜੇਕਰ ਇਸਦੇ ਜਨਮ ਦੀ ਪ੍ਰਕਿਰਿਆ ਨੂੰ ਵੇਖਿਆ ਜਾਵੇ ਤਾਂ ਇਹ ਕਹਿਣਾ ਬਿਲਕੁਲ ਤਰਕਸੰਗਤ ਜਾਪਦਾ ਹੈ ਕਿ ਪੂੰਜੀਵਾਦੀ ਜੁੱਗ ਵਿਚ ਪੈਦਾ ਹੋਏ ਜਟਿਲ ਮਨੁੱਖੀ ਰਿਸ਼ਤਿਆਂ ਦੇ ਯਥਾਰਥਕ ਪ੍ਰਗਟਾਅ ਦੀ ਜ਼ਰੂਰਤ ਵਿਚੋਂ ਨਾਵਲ ਦਾ ਉਦੈ ਹੋਇਆ। ਪੂੰਜੀਵਾਦੀ ਵਿਵਸਥਾ ਅਧੀਨ ਲੋਕਤਾਂਤਰਿਕ ਰਾਜਨੀਤਿਕ ਢਾਂਚੇ ਦੇ ਮਜ਼ਬੂਤ ਹੋਣ ਨਾਲ ਜਿੱਥੇ ਇੱਕ ਪਾਸੇ ਆਮ ਮਨੁੱਖ ਦਾ ਮਹੱਤਵ ਵਧਿਆ ਉਥੇ ਦੂਜੇ ਪਾਸੇ ਇਸ ਵਿਵਸਥਾ ਕਾਰਨ ਜਮਾਤੀ ਪਾੜਾ ਵੀ ਵਧਦਾ ਗਿਆ। ਇਸ ਤਰ੍ਹਾਂ ਇਸ ਪੂੰਜੀਵਾਦੀ ਵਿਵਸਥਾ ਵਿੱਚ ਵੱਧ ਤੋਂ ਵੱਧ ਪੂੰਜੀ ਹਾਸਿਲ ਕਰਨ ਦੀ ਲਾਲਸਾ ਤੇ ਬੁਨਿਆਦੀ ਲੋੜਾਂ ਦੀ ਤੋਟ ਕਾਰਨ ਹਰ ਮਨੁੱਖ ਤਨਾਉ ਦਾ ਭਾਗੀਦਾਰ ਬਣਦਾ ਹੈ। ਨਾਵਲ ਵਾਸਤਵ ਵਿਚ ਇਸ ਤਨਾਉ ਦਾ ਹੀ ਇਕ ਬਿਰਤਾਂਤਕ ਰੂਪ ਹੈ।

ਪੰਜਾਬੀ ਨਾਵਲ ਪੰਜਾਬ ਵਿੱਚ ਪੈਦਾ ਹੋਏ ਮੱਧ ਵਰਗ ਦੀ ਦੇਣ ਹੈ। ਪੰਜਾਬ ਦਾ ਮੱਧ-ਵਰਗ ਗਿਆਨਵਾਦ 'ਤੇ ਭਾਰਤੀ ਚਿੰਤਨ ਤੇ ਸੱਭਿਆਚਾਰ ਦੇ ਅੰਤਰ ਵਿਰੋਧ ਵਿਚੋਂ ਆਪਣੀ ਸੋਚ ਤੇ ਵਿਹਾਰ ਗ੍ਰਹਿਣ ਕਰਦਾ ਹੈ ਇਹ ਚੇਤਨਾ ਤੇ ਸਭਿਆਚਾਰ ਦੇ ਅੰਤਰ-ਵਿਰੋਧ ਉਸ ਦੀਆਂ ਕਲਾਤਮਕ ਸਿਰਜਨਾਵਾਂ ਵਿਚ ਵੀ ਉਜਾਗਰ ਹੁੰਦੇ ਹਨ। ਪੰਜਾਬੀ ਦਾ ਆਧੁਨਿਕ ਸਾਹਿਤ ਇਸੇ ਚਿੰਤਨ ਤੇ ਚੇਤਨਾ ਦਾ ਵਾਹਕ ਬਣਦਾ ਹੈ ਜਿਸ ਵਿਚੋਂ ਨਾਵਲ ਇਕ ਹੈ। ਪੰਜਾਬੀ ਨਾਵਲ ਦਾ ਇਤਿਹਾਸ ਇਕ ਸਦੀ ਤੋਂ ਥੋੜ੍ਹਾ ਜਿਹਾ ਉੱਪਰ ਬਣਦਾ ਹੈ। ਜਿਉਂ ਜਿਉਂ ਪੰਜਾਬੀ ਸਮਾਜ ਤੇ ਸਭਿਆਚਾਰ ਇਤਿਹਾਸਕ ਅਤੇ ਭੌਤਿਕ ਪ੍ਰਸੰਗਾਂ ਦੇ ਬਦਲਦੇ ਪ੍ਰਵਾਹ ਅਨੁਸਾਰ ਬਦਲਦਾ ਰਿਹਾ ਉਸੇ ਤਰ੍ਹਾਂ ਆਧੁਨਿਕ ਪੰਜਾਬੀ ਸਾਹਿਤ ਵਿੱਚ ਵੀ ਅਜਿਹਾ ਪਰਿਵਰਤਨ ਰੂਪਮਾਨ ਹੁੰਦਾ ਰਿਹਾ। ਇਸ ਤਰ੍ਹਾਂ ਸਪੱਸ਼ਟ ਹੈ ਕਿ ਪੰਜਾਬੀ ਨਾਵਲ ਕਿਸੇ ਖੜ੍ਹੋਤ ਵਿੱਚ ਨਹੀਂ

ਬਲਕਿ ਨਿਰੰਤਰ ਗਤੀਸ਼ੀਲ ਰਿਹਾ ਹੈ। ਇਹ ਗਤੀਸ਼ੀਲਤਾ ਇਸਦੀ ਵਸਤ, ਵਿਧੀ ਅਤੇ ਦ੍ਰਿਸ਼ਟੀ ਤਿੰਨਾਂ ਪੱਖਾਂ ਵਿੱਚ ਦੇਖੀ ਜਾ ਸਕਦੀ ਹੈ।

1947 ਈ. ਦੇ ਦੇਸ਼ ਦੀ ਵੰਡ ਸਾਡੇ ਭਾਰਤੀ ਇਤਿਹਾਸ ਦੀ ਅਜਿਹੀ ਤ੍ਰਾਸਦਿਕ ਘਟਨਾ ਹੈ ਜਿਸਨੇ ਸਮਾਜ ਦੇ ਹਰ ਵਰਗ ਦੇ ਮਨੁੱਖ ਨੂੰ ਪ੍ਰਭਾਵਿਤ ਕੀਤਾ ਹੈ। ਭਾਰਤ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਵਿੱਚ ਇਸ ਘਟਨਾ ਦੀ ਕਰੁਣਾਮਈ ਆਵਾਜ਼ ਸੁਣਾਈ ਦਿੰਦੀ ਹੈ। ਪੰਜਾਬੀ ਸਾਹਿਤ ਵਿੱਚ ਇਹ ਕਰੁਣਾਮਈ ਵੇਦਨਾ ਇੱਕ ਤੋਂ ਜ਼ਿਆਦਾ ਲੇਖਕਾ ਅਤੇ ਸਾਹਿਤ ਦੇ ਲਗਭਗ ਹਰੇਕ ਰੂਪ ਵਿੱਚ ਰੂਪਮਾਨ ਹੋਈ ਹੈ। ਦੇਸ਼ ਵੰਡ ਦੌਰਾਨ ਹੋਏ ਫਿਰਕੂ ਫ਼ਸਾਦਾਂ ਬਾਰੇ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਲੇਖਕਾਂ ਨੇ ਮਾਨਵਵਾਦੀ ਦ੍ਰਿਸ਼ਟੀ ਤੋਂ ਸਾਹਿਤ ਰਚਨਾ ਕੀਤੀ ਹੈ ਅਤੇ ਉਸ ਸਮੇਂ ਫੈਲੇ ਡਰ, ਸਹਿਮ ਆਦਿ ਆਤੰਕ ਦੇ ਸਰੋਕਾਰਾਂ ਨੂੰ ਆਪਣੇ ਸਿਰਜਣਾਤਮਕ ਅਮਲ ਦੁਆਰਾ ਆਪਣੇ ਨਾਵਲਾਂ ਦਾ ਵਿਸ਼ਾ ਬਣਾਇਆ ਹੈ। ਇਹਨਾਂ ਨਾਵਲਕਾਰਾਂ ਨੇ ਕੇਵਲ ਉਸ ਸਮੇਂ ਦੌਰਾਨ ਹੋਏ ਅਣਮਨੁੱਖੀ ਵਿਵਹਾਰ ਦੀ ਹਿਰਦੇਵੇਧਕ ਤਸਵੀਰ ਨੂੰ ਹੀ ਪੇਸ਼ ਨਹੀਂ ਕੀਤਾ ਬਲਕਿ ਇਸ ਫ਼ਿਰਕਾਪ੍ਰਸਤੀ ਪਿੱਛੇ ਕੰਮ ਕਰਦੇ ਸੰਪਰਦਾਇਕ ਰਾਜਨੀਤੀ ਦੇ ਘਿਨਾਉਣੇ ਰੂਪ ਦਾ ਵੀ ਪਰਦਾਫਾਸ਼ ਕੀਤਾ ਹੈ। ਫ਼ਿਰਕਾਪ੍ਰਸਤੀ ਤੇ ਸੰਪਰਦਾਇਕ ਰਾਜਨੀਤੀ ਦਾ ਸਿਰਫ਼ ਉਹੀ ਦੌਰ ਨਹੀਂ ਸੀ ਬਲਕਿ ਅੱਜ ਵੀ ਇਹ ਸਾਡੇ ਉਤੇ ਹਾਵੀ ਹੋ ਜਾਂਦੀ ਹੈ। ਇਸ ਤਰ੍ਹਾਂ ਸੰਪਰਦਾਇਕ ਰਾਜਨੀਤੀ ਦਾ ਚਿਹਰਾ ਭਾਰਤ ਵਿੱਚ ਪਿਛਲੀ ਇਕ ਸਦੀ ਤੋਂ ਨਜ਼ਰ ਆ ਰਿਹਾ ਹੈ।

ਭਾਰਤ ਜਿਹੇ ਬਹੁਧਰਮੀ ਦੇਸ਼ ਵਿੱਚ ਧਾਰਮਿਕ ਮੱਤਭੇਦ ਹੋਣਾ ਸੁਭਾਵਿਕ ਗੱਲ ਹੈ, ਇਸ ਲਈ ਇਹਨਾਂ ਮਤਭੇਦਾਂ ਦਾ ਫ਼ਿਰਕਾਪ੍ਰਸਤੀ ਨੂੰ ਰਾਜਨੀਤਿਕ ਸੰਗਠਨ ਅਤੇ ਰਾਜਨੀਤਿਕ ਕਦਮਾਂ ਦਾ ਕਾਰਨ ਮੰਨਣਾ ਨਾ ਤਾਂ ਠੀਕ ਹੈ ਅਤੇ ਨਾ ਹੀ ਜ਼ਰੂਰੀ। ਇਹ ਵੀ ਗਲਤ ਧਾਰਨਾ ਹੈ ਕਿ ਫ਼ਿਰਕਾਪ੍ਰਸਤਾਂ ਦਾ ਉਦੇਸ਼ ਆਪਣੇ ਧਰਮ ਦੀ ਰੱਖਿਆ ਅਤੇ ਉਸਦਾ ਵਿਕਾਸ ਕਰਨਾ ਹੁੰਦਾ ਹੈ। ਵਾਸਤਵ ਵਿੱਚ ਧਰਮ ਉਹਨਾਂ ਦੀ ਫ਼ਿਰਕੂ ਰਾਜਨੀਤੀ ਦਾ ਸਾਧਨ ਮਾਤਰ ਹੈ। ਦੂਸਰੇ ਸ਼ਬਦਾਂ ਵਿੱਚ ਧਰਮ ਫ਼ਿਰਕਾਪ੍ਰਸਤੀ ਦੀ ਸਵਾਰੀ ਹੈ, ਫ਼ਿਰਕੂ ਝਗੜਿਆਂ ਦਾ ਧਰਮ ਨਾਲ ਕੋਈ ਸੰਬੰਧ

ਨਹੀਂ ਹੁੰਦਾ ਜਦੋਂ ਕਿ ਧਰਮ ਨੂੰ ਇਹਨਾਂ ਮੁੱਦਿਆਂ ਦਾ ਬਹਾਨਾ ਬਣਾ ਦਿੱਤਾ ਜਾਂਦਾ ਹੈ। ਫ਼ਿਰਕਾਪ੍ਰਸਤੀ ਨੂੰ ਸਿਰਫ਼ ਇੱਕ ਮੱਧਵਰਗੀ ਪ੍ਰਵਿਰਤੀ ਤੋਂ ਵਧਾ ਕੇ ਲੋਕਾਂ ਦਾ ਪਿਆਰਾ ਅੰਦੋਲਨ ਬਣਾ ਦੇਣ ਵਿੱਚ ਧਰਮ ਨੂੰ ਭਾਵਨਾਤਮਕ ਅਤੇ ਭੜਕਾਉਣ ਵਾਲੇ ਤੱਤਾਂ ਦੀ ਤਰ੍ਹਾਂ ਪ੍ਰਯੋਗ ਕੀਤਾ ਜਾਂਦਾ ਹੈ।

ਇਸ ਤਰ੍ਹਾਂ ਫ਼ਿਰਕਾਪ੍ਰਸਤੀ ਇਕ ਸ਼ਕਤੀਸ਼ਾਲੀ ਤੇ ਸੰਯੁਕਤ ਰਾਸ਼ਟਰ ਦੇ ਤੌਰ 'ਤੇ ਭਾਰਤ ਦੇ ਇਤਿਹਾਸਕ ਵਿਕਾਸ ਨੂੰ ਚੁਣੌਤੀ ਦਿੰਦੀ ਰਹੀ ਹੈ। ਜਿੱਥੇ 1947 ਤੋਂ ਪਹਿਲਾਂ ਉਪ ਨਿਵੇਸ਼ਵਾਦੀ ਸੱਤਾ ਦੀ ਹੱਲਾਸ਼ੇਰੀ ਨਾਲ ਸੰਪਰਦਾਇਕਤਾ ਨੇ ਭਾਰਤੀ ਜਨਤਾ ਵਿੱਚ ਦਰਾਰ ਪੈਦਾ ਕੀਤੀ ਸੀ ਅਤੇ ਸਾਮੰਤਵਾਦ ਦੇ ਖਿਲਾਫ਼ ਸੰਘਰਸ਼ ਨੂੰ ਕੰਮਜ਼ੋਰ ਕਰਕੇ ਆਪਣੇ ਆਪ ਨੂੰ ਭਾਰਤ ਦੀ ਸ਼ਰਮਨਾਕ ਵੰਡ ਦਾ ਕਾਰਨ ਬਣਾਇਆ ਸੀ ਉਥੇ ਅੱਜ ਵੀ ਸੰਪਰਦਾਇਕਤਾ ਸਾਡੇ ਰਾਸ਼ਟਰੀ ਨਿਰਮਾਣ ਲਈ ਉੱਨਾ ਹੀ ਵੱਡਾ ਖਤਰਾ ਬਣੀ ਹੋਈ ਹੈ। ਭਾਰਤ ਵਿੱਚ ਅੱਜ ਸਭ ਤੋਂ ਜ਼ਰੂਰੀ ਅਤੇ ਮਹੱਤਵਪੂਰਨ ਕੰਮ ਇੱਕ ਮਜ਼ਬੂਤ ਅਤੇ ਸੰਗਠਿਤ ਭਾਰਤ ਦਾ ਨਿਰਮਾਣ ਕਰਨਾ ਅਤੇ ਭਾਰਤੀ ਲੋਕਾਂ ਦਾ ਮਨੋਵਿਗਿਆਨਿਕ ਏਕੀਕਰਨ ਕਰਨਾ ਹੈ। ਪੰਰਤੂ ਇਹ ਪ੍ਰਕਿਰਿਆ ਉਦੋਂ ਤੱਕ ਵਿਕਸਿਤ ਨਹੀਂ ਹੋ ਸਕਦੀ ਜਦੋਂ ਤੱਕ ਇਹ ਨਾ ਪਛਾਣ ਲਿਆ ਜਾਵੇ ਕਿ ਭਾਰਤੀਆਂ ਦੀ ਭਿੰਨਤਾ ਅਤੇ ਇਥੇ ਕਈ ਭਾਸ਼ਾਵਾਂ, ਧਰਮਾਂ ਅਤੇ ਸੰਸਕ੍ਰਿਤੀਆਂ ਦੀ ਮੌਜੂਦਗੀ ਇੱਕ ਸੱਚ ਹੈ।

ਕਿਸੇ ਵੀ ਖੋਜ ਕਾਰਜ ਨੂੰ ਇੱਕ ਤੋਂ ਜ਼ਿਆਦਾ ਵਿਧੀਆਂ ਰਾਹੀਂ ਸੰਪੰਨ ਕੀਤਾ ਜਾ ਸਕਦਾ ਹੈ ਕਿਉਂਕਿ ਸਾਡਾ ਵਿਸ਼ਾ ਇਕ ਪਾਸੇ ਇਤਿਹਾਸ ਤੇ ਸਮਾਜ ਸ਼ਾਸਤਰ ਨਾਲ ਜੁੜਿਆ ਹੈ ਤੇ ਦੂਜੇ ਪਾਸੇ ਨਾਵਲ ਦੇ ਸੁਹਜ ਸ਼ਾਸਤਰ ਨਾਲ ਇਸ ਲਈ ਸਾਡੀ ਵਿਧੀ ਸਮਾਜ ਸ਼ਾਸਤਰ ਤੇ ਸੁਹਜ ਸ਼ਾਸਤਰ ਦੇ ਸੁਮੇਲ ਦੀ ਰਹੀ ਹੈ ਜਿਸਦੇ ਆਧਾਰ 'ਤੇ ਅਸੀਂ ਆਪਣੇ ਇਸ ਵਿਸ਼ੇ ਦਾ ਦੀਰਘ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਹੈ।

**ਪਹਿਲੇ ਅਧਿਆਇ** ਵਿੱਚ ਅਸੀਂ ਸੰਪਰਦਾਇਕਤਾ ਅਤੇ ਸੰਪਰਦਾਇਕ ਰਾਜਨੀਤੀ ਨੂੰ ਸਿਧਾਂਤਕ ਤੇ ਇਤਿਹਾਸਕ ਪਰਿਪੇਖ ਵਿਚ ਵਿਚਾਰਦੇ ਹੋਏ ਇਸ ਦੇ ਜਨਮ ਤੇ ਵਿਕਾਸ ਦੇ

ਰਾਜਨੀਤਿਕ, ਧਾਰਮਿਕ, ਸਮਾਜਿਕ, ਆਰਥਿਕ ਅਤੇ ਪ੍ਰਤੀਕਿਰਿਆਤਮਕ ਕਾਰਨਾਂ ਦਾ ਅਤੇ ਵੱਖ-ਵੱਖ ਸਮੇਂ ਦੌਰਾਨ ਮੱਧਕਾਲੀ ਅੰਗਰੇਜ਼ੀ ਰਾਜ ਅਤੇ ਸੁਤੰਤਰ ਭਾਰਤ ਵਿੱਚ ਸੰਪਰਦਾਇਕਤਾ ਦੇ ਪਏ ਪ੍ਰਭਾਵਾਂ ਦਾ ਮੁਲਾਂਕਣ ਕੀਤਾ ਹੈ। ਦੇਸ਼ ਦੀ ਵੰਡ ਦੇ ਪੰਜਾਬੀ ਸਾਹਿਤ ਉੱਪਰ ਪਏ ਪ੍ਰਭਾਵਾਂ ਨੂੰ ਵੀ ਇਸ ਅਧਿਆਇ ਵਿੱਚ ਅਸੀਂ ਆਪਣੇ ਅਧਿਐਨ-ਵਿਸ਼ਲੇਸ਼ਣ ਅਧੀਨ ਲਿਆਂਦਾ ਹੈ।

**ਦੂਜੇ ਅਧਿਆਇ** ਵਿੱਚ ਅਸੀਂ ਪੰਜਾਬੀ ਨਾਵਲ ਵਿੱਚ ਸੰਪਰਦਾਇਕ ਰਾਜਨੀਤੀ ਦੀ ਪੇਸ਼ਕਾਰੀ ਨੂੰ ਰਚਨਾ-ਵਸਤੂ, ਰਚਨਾ-ਵਿਧੀ ਅਤੇ ਰਚਨਾ-ਦ੍ਰਿਸ਼ਟੀ ਦੇ ਪ੍ਰਸੰਗ ਵਿੱਚ ਵਿਚਾਰਿਆ ਹੈ। ਇਸ ਅਧਿਆਇ ਵਿੱਚ ਅਸੀਂ ਪੰਜਾਬੀ ਦੇ ਪ੍ਰਮੁੱਖ ਨਾਵਲਕਾਰਾਂ ਦੇ ਨਾਵਲਾਂ ਜਿਵੇਂ ਨਾਨਕ ਸਿੰਘ ਦੇ ***ਖ਼ੂਨ ਦੇ ਸੋਹਿਲੇ*** ਅਤੇ ***ਅੱਗ ਦੀ ਖੇਡ***, ਅੰਮ੍ਰਿਤਾ ਪ੍ਰੀਤਮ ਦੇ ***ਪਿੰਜਰ*** ਅਤੇ ਕੇਵਲ ਕਲੋਟੀ ਦੇ ***ਹੋਣੀ ਇਕ ਦੇਸ਼ ਦੀ*** ਨੂੰ ਸ਼ਾਮਿਲ ਕੀਤਾ ਹੈ।

**ਤੀਜਾ ਅਧਿਆਇ** ਵਿੱਚ ਹਿੰਦੀ ਦੇ ਗਲਪਕਾਰ ਭੀਸ਼ਮ ਸਾਹਨੀ ਦੇ ਨਾਵਲ ***ਤਮਸ*** ਵਿੱਚ ਸੰਪਰਦਾਇਕ ਰਾਜਨੀਤੀ ਦੀ ਪੇਸ਼ਕਾਰੀ ਨੂੰ ਰਚਨਾ-ਵਸਤੂ, ਰਚਨਾ-ਵਿਧੀ ਅਤੇ ਰਚਨਾ-ਦ੍ਰਿਸ਼ਟੀ ਦੇ ਪ੍ਰਸੰਗ ਵਿੱਚ ਵਿਚਾਰਨ ਦਾ ਯਤਨ ਕੀਤਾ ਗਿਆ ਹੈ।

**ਚੌਥੇ ਅਧਿਆਇ** ਵਿੱਚ ਅੰਗਰੇਜ਼ੀ ਸਾਹਿਤ ਦੇ ਪ੍ਰਸਿੱਧ ਭਾਰਤੀ ਲੇਖਕ ਖ਼ੁਸ਼ਵੰਤ ਸਿੰਘ ਦੇ ਨਾਵਲ ***ਪਾਕਿਸਤਾਨ ਮੇਲ*** (ਟਰੇਨ ਟੂ ਪਾਕਿਸਤਾਨ) ਵਿੱਚ ਸੰਪਰਦਾਇਕ ਰਾਜਨੀਤੀ ਦੀ ਪੇਸ਼ਕਾਰੀ ਦਾ ਰਚਨਾ -ਵਸਤੂ, ਰਚਨਾ-ਵਿਧੀ ਅਤੇ ਰਚਨਾ-ਦ੍ਰਿਸ਼ਟੀ ਦੇ ਪ੍ਰਸੰਗ ਵਿੱਚ ਦੀਰਘ ਅਧਿਐਨ ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਗਿਆ ਹੈ।

**ਪੰਜਵੇਂ ਅਧਿਆਇ** ਵਿੱਚ ਉਰਦੂ ਸਾਹਿਤ ਜਗਤ ਦੀ ਨਾਮਵਰ ਲੇਖਿਕਾ ਕੁਰਅਤੁਲਐਨ ਹੈਦਰ ਦੇ ਨਾਵਲ ***ਅੱਗ ਦਾ ਦਰਿਆ*** ਵਿੱਚ ਸੰਪਰਦਾਇਕ ਰਾਜਨੀਤੀ ਦੀ ਪੇਸ਼ਕਾਰੀ ਅਤੇ ਬਿਰਤਾਂਤਕ ਪ੍ਰਬੰਧ ਅਧੀਨ ਕਿਹੜੀਆਂ ਭਾਸ਼ਾਈ ਜੁਗਤਾਂ ਨਾਲ ਇਸ ਪੇਸ਼ਕਾਰੀ ਨੂੰ ਸੰਭਵ ਬਣਾਇਆ ਗਿਆ ਹੈ, ਇਹਨਾਂ ਦਾ ਵਿਸਤਰਿਤ ਅਧਿਐਨ ਸ਼ਾਮਿਲ ਕੀਤਾ ਗਿਆ ਹੈ। ਸਮੁੱਚੇ ਅਧਿਐਨ ਨੂੰ ਸਾਰ ਤੇ ਸਥਾਪਨਾਵਾਂ ਅਧੀਨ ਨਿਸ਼ਕਰਸ਼ ਰੂਪ ਵਿੱਚ ਸਮੇਟਿਆ ਗਿਆ

ਹੈ। ਅੰਤ ਵਿੱਚ ਉਨ੍ਹਾਂ ਸਹਾਇਕ ਪੁਸਤਕਾਂ ਦੀ ਸੂਚੀ ਦਰਜ ਕੀਤੀ ਗਈ ਹੈ ਜਿਹੜੀ ਵਿਸ਼ੇਸ਼ ਰੂਪ ਵਿੱਚ ਸ਼ੋਧ-ਪ੍ਰਬੰਧ ਨੂੰ ਨੇਪਰੇ ਚਾੜ੍ਹਨ ਵਿੱਚ ਸਹਾਈ ਹੋਈ ਹੈ।

ਖੋਜ ਦੇ ਇਸ ਗੰਭੀਰ ਕਾਰਜ ਵਿੱਚ ਮੇਰੇ ਨਿਗਰਾਨ **ਡਾ. ਸੁਰਿੰਦਰ ਕੁਮਾਰ ਦਵੇਸ਼ਵਰ** ਵਲੋਂ ਮਿਲੇ ਸਹਿਯੋਗ ਅਤੇ ਬੌਧਿਕ ਅਗਵਾਈ ਲਈ ਮੈਂ ਉਹਨਾਂ ਦਾ ਹਮੇਸ਼ਾ ਰਿਣੀ ਰਹਾਂਗਾ। ਸਮੇਂ-ਸਮੇਂ ਉਹਨਾਂ ਨਾਲ ਆਪਣੇ ਵਿਸ਼ੇ ਨਾਲ ਸੰਬੰਧਿਤ ਸਮੱਸਿਆਵਾਂ ਬਾਰੇ ਜਿਸ ਤਰ੍ਹਾਂ ਦਾ ਖੁੱਲ੍ਹਾ ਸਮਾਂ ਉਹਨਾਂ ਨੇ ਮੇਰੇ ਲਈ ਰੱਖਿਆ ਉਸ ਲਈ ਮੈਂ ਉਹਨਾਂ ਦਾ ਬਹੁਤ-ਬਹੁਤ ਸ਼ੁਕਰਗੁਜ਼ਾਰ ਹਾਂ।

ਮੈਂ ਪੰਜਾਬੀ ਅਧਿਐਨ ਸਕੂਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮੁਖੀ ਡਾ. ਸੁਖਦੇਵ ਸਿੰਘ, ਡਾ. ਉਮਾ ਸੇਠੀ ਤੇ ਹੋਰ ਸਾਰੇ ਸਤਿਕਾਰਯੋਗ ਅਧਿਆਪਕਾਂ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਵਿਸ਼ੇ ਉੱਤੇ ਖੋਜ-ਕਾਰਜ ਸੰਬੰਧੀ ਵੱਡਮੁੱਲੇ ਸੁਝਾਅ ਅਤੇ ਸਹਿਯੋਗ ਦੇ ਕੇ ਮੇਰੇ ਇਸ ਵਿਸ਼ੇ ਨੂੰ ਸੋਧਿਤ ਕਰਨ ਵਿਚ ਮਦਦ ਕੀਤੀ।

ਮੈਂ ਰਿਣੀ ਹਾਂ ਆਪਣੇ ਮਾਤਾ-ਪਿਤਾ, ਭਰਾ ਕਰਮਜੀਤ ਸਿੰਘ ਅਤੇ ਸਹੁਰਾ ਪਰਿਵਾਰ ਦਾ, ਜਿਨ੍ਹਾਂ ਦੀ ਬਦੌਲਤ ਮੈਂ ਇਸ ਮੁਕਾਮ ਤੱਕ ਪਹੁੰਚਣ ਵਿੱਚ ਸਫ਼ਲ ਹੋਇਆ। ਮੈਂ ਵਿਸ਼ੇਸ਼ ਤੌਰ 'ਤੇ ਆਪਣੀ ਪਤਨੀ ਡਾ. ਰਮਨਪ੍ਰੀਤ ਕੌਰ ਦਾ ਧੰਨਵਾਦੀ ਹਾਂ ਜਿਸ ਨੇ ਮੈਨੂੰ ਕੇਵਲ ਘਰੇਲੂ ਜ਼ਿੰਮੇਵਾਰੀਆਂ ਤੋਂ ਹੀ ਨਿਰਲੇਪ ਨਹੀਂ ਰੱਖਿਆ ਬਲਕਿ ਸਮੇਂ ਸਮੇਂ 'ਤੇ ਦਿੱਤੀ ਹੌਂਸਲਾ ਅਫ਼ਜਾਈ ਤੇ ਸੁਝਾਵਾਂ ਨੇ ਇਸ ਖੋਜ-ਕਾਰਜ ਨੂੰ ਸੰਪੰਨ ਕਰਨ ਵਿੱਚ ਮੇਰਾ ਪੂਰਾ ਸਾਥ ਦਿੱਤਾ।

ਅਖ਼ੀਰ ਮੈਂ ਕਰਮਜੀਤ ਸਿੰਘ ਸੋਢੀ ਜੀ ਦਾ ਵੀ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਪੂਰੀ ਲਗਨ ਤੇ ਮਿਹਨਤ ਨਾਲ ਇਸ ਸ਼ੋਧ-ਪ੍ਰਬੰਧ ਨੂੰ ਪ੍ਰਕਾਸ਼ਿਤ ਰੂਪ ਪ੍ਰਦਾਨ ਕੀਤਾ। Gurpreet Singh

(ਗੁਰਪ੍ਰੀਤ ਸਿੰਘ)

14/07/14.